ਦਫਤਰ ਜਿਲਾ ਸਿਖਿਆ ਅਫਸਰ (ਸੈ:ਸਿ) ਅੰਮ੍ਰਿਤਸਰ ।

ਵੱਲ,

ਸਮੂਹ ਪ੍ਰਿੰਸੀਪਲ, ਮੁੱਖ ਅਧਿਆਪਕ,
ਸਸਸਸ, ਸਹਸ, ਸਮਿਸ,
ਜਿਲਾ ਅੰਮ੍ਰਿਤਸਰ।

ਪੱਤਰ ਨੰਬਰ-ਅ-3/2019- 201925/913
ਮਿਤੀ-ਅੰਮ੍ਰਿਤਸਰ 26/8/19

ਵਿਸ਼ਾ :- ਆਰਜੀ ਐਡਜੈਸਟਮੈਂਟਾਂ ਰੱਦ ਕਰਨ ਸੰਬੰਧੀ ।

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਕਈ ਸਕੂਲ ਮੁੱਖੀਆਂ ਨੇ ਇਸ ਦਫਤਰ ਦੇ ਧਿਆਨ ਵਿੱਚ ਲਿਆਂਦਾ ਹੈ ਕਿ ਉਨਾਂ ਦੇ ਸਕੂਲਾਂ ਤੋਂ ਟੀਚਰਲੈਸ ਜਾਂ ਸਿੰਗਲ ਟੀਚਰ ਸਕੂਲਾਂ ਵਿੱਚ ਆਰਜੀ ਐਡਜੈਸਟਮੈਂਟਾਂ ਕੀਤੀਆਂ ਗਈਆਂ ਸਨ। ਹੁਣ ਵਿਭਾਗ ਵੱਲੋਂ ਵੱਖ-2 ਮਿਤੀਆਂ ਨੂੰ ਕੀਤੀਆਂ ਬਦਲੀਆਂ ਰਾਹੀ ਇਹਨਾਂ ਟੀਚਰਲੈਸ ਜਾਂ ਸਿੰਗਲ ਟੀਚਰ ਸਕੂਲਾਂ ਵਿੱਚ ਅਧਿਆਪਕ ਬਦਲੀ ਕਰਵਾਕੇ ਹਾਜ਼ਰ ਹੋ ਚੁੱਕੇ ਹਨ। ਇਸ ਲਈ ਇਹਨਾਂ ਆਰਜੀ ਤੌਰ ਤੇ ਐਡਜੈਸਟ ਕੀਤੇ ਅਧਿਆਪਕਾਂ ਨੂੰ ਉਨਾਂ ਦੇ ਪਿੱਤਰੀ ਸਕੂਲਾਂ ਵਿੱਚ ਵਾਪਸ ਭੇਜਿਆ ਜਾਵੇ। ਇਸਨੂੰ ਧਿਆਨ ਵਿੱਚ ਰੱਖਦੇ ਹੋਏ ਸਮੂਹ ਸਕੂਲ ਮੁੱਖੀਆਂ/ਸਮੂਹ ਡੀ.ਡੀ.ਓਜ਼ ਨੂੰ ਲਿਖਿਆ ਜਾਂਦਾ ਹੈ ਕਿ ਜਿਹੜੇ ਵੀ ਟੀਚਰਲੈਸ ਜਾਂ ਸਿੰਗਲ ਟੀਚਰ ਸਕੂਲਾਂ ਵਿੱਚ ਇਹਨਾਂ ਬਦਲੀਆਂ ਰਾਹੀ ਅਧਿਆਪਕ ਹਾਜ਼ਰ ਹੋ ਚੁੱਕੇ ਹਨ ਉਹਨਾਂ ਆਰਜੀ ਤੌਰ ਤੇ ਐਡਜੈਸਟ ਅਧਿਆਪਕਾਂ ਨੂੰ ਤੁਰੰਤ ਫਾਰਗ ਕਰਕੇ ਉਹਨਾਂ ਦੇ ਪਿੱਤਰੀ ਸਕੂਲਾਂ ਵਿੱਚ ਭੇਜਿਆ ਜਾਵੇ।

ਜਿਲਾ ਸਿਖਿਆ ਅਫਸਰ (ਸੈ:ਸਿ),
ਅੰਮ੍ਰਿਤਸਰ।

26/8/19

26/8/19

Scanned by CamScanner